GURDWARA SRI GURU
SINGH SABHA
SOUTHALL

# ਮੁਰੰਮਤ ਦਾ ਕੰਮ
# REFURBISHMENT WORK

## ਗੁਰੂ ਨਾਨਕ ਰੋਡ ਗੁਰਦੁਆਰਾ
## GURU NANAK ROAD GURDWARA

ਅਗਸਤ ੨੦੨੪
August 2024



'ਪੰਥਕ ਗਰੁੱਪ' ਨੂੰ ਇਹ ਦੱਸਣ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਦੇ ਇਮਾਰਤੀ ਅਤੇ ਆਲੇ-ਦੁਆਲੇ ਲਈ ਸੁੰਦਰੀਕਰਨ ਅਤੇ ਨਵੀਨੀਕਰਨ ਦਾ ਇਕ ਵੱਡਾ ਪ੍ਰਾਜੈਕਟ ਸ਼ੁਰੂ ਕਰਨ ਜਾ ਰਹੇ ਹਾਂ। ਇਹ ਗੁਰਦੁਆਰਾ ਸਾਹਿਬ **20** ਸਾਲ ਪਹਿਲਾਂ ਸਥਾਪਿਤ ਕੀਤਾ ਗਿਆ ਸੀ ਅਤੇ ਇਸ ਪਾਵਨ ਅਸਥਾਨ ਦੇ ਅਧਿਆਤਮਿਕ, ਸੱਭਿਆਚਾਰਕ ਅਤੇ ਭਾਈਚਾਰਕ ਵਾਤਾਵਰਨ ਨੂੰ ਬਿਹਤਰੀਨ ਬਣਾਉਣ ਲਈ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਹੁਣ ਇਸ ਦੇ ਨਵੀਨੀਕਰਨ ਦਾ ਫੈਸਲਾ ਲਿਆ ਗਿਆ ਹੈ।

ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਇੱਕ ਮਹੱਤਵਪੂਰਨ ਧਾਰਮਿਕ ਅਤੇ ਭਾਈਚਾਰਕ ਸਦਭਾਵਨਾ ਦਾ ਸੰਦੇਸ਼ ਦੇਣ ਦੇ ਅਸਥਾਨ ਵਜੋਂ ਸੇਵਾ ਦਾ ਕੇਂਦਰ ਰਿਹਾ ਹੈ। ਇਸ ਪਾਵਨ ਅਸਥਾਨ ਦੀ ਸੇਵਾ-ਸੰਭਾਲ ਅਤੇ ਪ੍ਰਬੰਧਕੀ ਤੇ ਇਮਾਰਤੀ ਸੁਧਾਰਾਂ ਦੀ ਲੋੜ ਨੂੰ ਸਮਝਦਿਆਂ 'ਪੰਥਕ ਗਰੁੱਪ' ਵਲੋਂ ਵਿਆਪਕ ਮੁਰੰਮਤ ਅਤੇ ਨਵੀਨੀਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਪ੍ਰਾਜੈਕਟ ਤਹਿਤ ਖਸਤਾ ਹਾਲਤ ਪਖਾਨਿਆਂ ਦਾ ਨਵੀਨੀਕਰਨ, ਪੁਰਾਣੇ ਤੇ ਨਿਕੰਮੇ ਹੋ ਚੁੱਕੇ ਕੂਲਿੰਗ ਅਤੇ ਹੀਟਿੰਗ ਸਿਸਟਮ ਨੂੰ ਨਵਾਂ-ਨਿਕੋਰ, ਲੀਕ ਹੋ ਰਹੀ ਛੱਤ ਦੀ ਰਿਪੇਅਰ ਅਤੇ ਹੋਰ ਸੰਗਤੀ ਸਹੂਲਤਾਂ ਦਾ ਆਧੁਨਿਕੀਕਰਨ ਕਰਕੇ ਸਮੂਹ ਸੰਗਤਾਂ ਤੇ ਯਾਤਰੂਆਂ ਲਈ ਵਧੇਰੇ ਪ੍ਰਭਾਵਸ਼ਾਲੀ, ਸਵਾਗਤਯੋਗ ਅਤੇ ਕਾਰਜਸ਼ੀਲ ਵਾਤਾਵਰਣ ਸਿਰਜਿਆ ਜਾਵੇਗਾ।

ਨਵੀਨੀਕਰਨ ਯੋਜਨਾ ਵਿਚ ਸ਼ਾਮਲ ਹਨ:

- ਲੀਕ ਹੋਈ ਛੱਤ ਦੀ ਰਿਪੇਅਰ ਕਰਨਾ।
- ਗੁਰਦੁਆਰਾ ਸਾਹਿਬ ਦੀਆਂ ਸਮੁੱਚੀਆਂ ਇਮਾਰਤਾਂ ਦਾ ਸੁਧਾਰ ਕਰਕੇ ਇਸ ਦੀ ਦਿੱਖ, ਮਿਆਦ ਅਤੇ ਲੰਬੇ ਸਮੇਂ ਤੱਕ ਮਜ਼ਬੂਤੀ ਨੂੰ ਵਧਾਉਣਾ।
- ਲੰਗਰ ਹਾਲ ਅਤੇ ਵਿਦਿਅਕ ਕਮਰਿਆਂ ਸਮੇਤ ਕਮਿਊਨਿਟੀ ਸਹੂਲਤਾਂ ਦਾ ਨਵੀਨੀਕਰਨ।
- ਨਵੀਆਂ ਲਿਫਟਾਂ ਨਾਲ ਬਜ਼ੁਰਗਾਂ ਲਈ ਸਹੂਲਤ ਵਿਚ ਸੁਧਾਰ ਕਰਨਾ।
- ਗੁਰਦੁਆਰਾ ਸਾਹਿਬ ਦੀ ਸੁੰਦਰਤਾ ਅਤੇ ਅਧਿਆਤਮਿਕ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਸੁੰਦਰੀਕਰਨ ਦੇ ਯਤਨ।

ਇਸ ਸਮੁੱਚੀ ਪਹਿਲਕਦਮੀ ਦੇ ਨਾਲ ਅਸੀਂ ਗੁਰਦੁਆਰਾ ਸਾਹਿਬ ਨੂੰ ਬੰਦਗੀ, ਉੱਤਮ ਸਿੱਖਿਆ ਅਤੇ ਭਾਈਚਾਰਕ ਸੇਵਾ ਦੇ ਕੇਂਦਰ ਵਜੋਂ ਬਣਾਈ ਰੱਖਣ ਲਈ ਆਪਣੀ ਸਮਰਪਣ ਭਾਵਨਾ ਨਾਲ ਸੇਵਾ ਕਰਨ ਦਾ ਯਤਨ ਕਰ ਰਹੇ ਹਾਂ। ਅਸੀਂ ਕਮਿਊਨਿਟੀ ਦੇ ਸਾਰੇ ਮੈਂਬਰਾਂ ਨੂੰ ਧਰਮ ਦੀ ਸੇਵਾ ਦੇ ਇਸ ਮਹੱਤਵਪੂਰਨ ਪ੍ਰੋਜੈਕਟ ਵਿਚ ਆਪੋ-ਆਪਣਾ ਯੋਗਦਾਨ ਪਾਉਣ ਅਤੇ ਸਹਿਯੋਗ ਕਰਨ ਦਾ ਸੱਦਾ ਦਿੰਦੇ ਹਾਂ।

ਅਸੀਂ ਸਾਰੇ ਇਕੱਠੇ ਹੋ ਕੇ ਇਹ ਯਕੀਨੀ ਬਣਾਵਾਂਗੇ ਕਿ ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਧਰਮ, ਸੇਵਾ ਤੇ ਮਾਨਵਤਾ ਦੇ ਭਲੇ ਲਈ ਹਮੇਸ਼ਾ ਚਾਨਣ-ਮੁਨਾਰਾ ਬਣਿਆ ਰਹੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੇ ਧਰਮ, ਵਿਰਸੇ ਅਤੇ ਸਿਧਾਂਤਾਂ ਨਾਲ ਜੁੜਨ ਦੀ ਪ੍ਰੇਰਨਾ ਦਿੰਦਾ ਰਹੇ।

S. Himmat Singh Sohi

S. Kulwant Singh Bhinder

After 20 years since the establishment of the Guru Nanak Road Gurdwara, the Panthic Group is proud to announce an extensive refurbishment project. This initiative aims to enhance the spiritual, cultural, and communal environment of our beloved Gurdwara.

The Guru Nanak Road Gurdwara has been a vital religious and community hub for over two decades. To preserve and improve this sacred space, our sevadars are undertaking comprehensive renovations. This project will address structural repairs, modernize facilities, and create a more welcoming environment for all devotees and visitors.

The refurbishment plan includes:

- Structural enhancements for safety and longevity.
- Upgrading community facilities, including the Langar hall and educational rooms.
- Improving accessibility for the elderly and with accessibility requirements.
- Beautification efforts to maintain the Gurdwara's aesthetic and spiritual sanctity.

This initiative shows our dedication to keeping the Gurdwara a center of worship, learning, and community service. We invite all community members to support and participate in this significant project.

Together, we will ensure the Guru Nanak Road Gurdwara continues to thrive for future generations.

S. Himmat Singh Sohi

S. Kulwant Singh Bhinder

ਅਸੀਂ ਇਹ ਦੱਸਣ 'ਚ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ ਕਿ ਬਹੁਤ ਜਲਦ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਵਲੋਂ ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਦੀ ਜ਼ਰੂਰੀ ਰਿਪੇਅਰ ਦੀ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸੇਵਾ ਦੇ ਨਾਲ ਗੁਰਦੁਆਰਾ ਸਾਹਿਬ ਦੀ ਸੁੰਦਰਤਾ ਹੋਰ ਵਧੇਗੀ।

ਸਾਊਥਹਾਲ ਅਤੇ ਆਸ-ਪਾਸ ਦੀ ਸੰਗਤ ਇਹ ਭਲੀ-ਭਾਂਤ ਜਾਣਦੀ ਹੈ ਕਿ ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਵਿਖੇ ਇੱਥੋਂ ਦੀ ਸਿੱਖ ਸੰਗਤ ਅਤੇ ਨਵੀਂ ਪੀੜ੍ਹੀ ਨੂੰ ਭਜਨ-ਬੰਦਗੀ, ਧਾਰਮਿਕ ਸਿੱਖਿਆ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾਂਦਾ ਹੈ।

ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਦੀ ਰਿਪੇਅਰ ਕਰਨ ਦੀ ਸੇਵਾ ਤਜਰਬੇਕਾਰ ਕਾਰੀਗਰਾਂ ਦੀ ਟੀਮ ਕੋਲੋਂ ਕਰਵਾਈ ਜਾ ਰਹੀ ਹੈ। ਇਸ ਕਾਰਜ ਉੱਤੇ 18 ਮਹੀਨੇ ਦੇ ਲਗਪਗ ਸਮਾਂ ਲੱਗੇਗਾ।

Sri Guru Singh Sabha Southall is undertaking a significant refurbishment project of Guru Nanak Road Gurdwara over the next 18 months.

Our goal is to restore, preserve, and enhance our sacred space, which serves as a centre of learning, spiritual practice, and cultural belonging for the Sikh community in and around Southall.

An experienced and professional team has been formed by the Sabha to oversee the refurbishments with all works going through an extensive tender process.

# ਕੁਝ ਚੀਜ਼ਾਂ
# KEY FACTS

1

**Energy Savings:**

ਬਿਜਲੀ ਦਾ ਖਰਚਾ ਕਾਫੀ ਹੱਦ ਤੱਕ ਘਟਾਉਣ ਲਈ ਨਵਾਂ ਲਾਈਟਿੰਗ ਸਿਸਟਮ ਅਤੇ HVAC ਸਿਸਟਮ ਲਾਉਣ ਦੀ ਤਜਵੀਜ਼ ਬਣਾਈ ਗਈ ਹੈ।

**The new lighting and HVAC systems are projected to significantly reduce energy costs and carbon emissions (up to 70%).**

2

**Improved Visitor Experience:**

ਵੱਡੀ ਰਿਸੈਂਪਸ਼ਨ, ਇਕੱਠ ਕਰਨ ਲਈ ਜਗ੍ਹਾ ਅਤੇ ਪਖਾਨਿਆਂ ਦੀਆਂ ਸਹੂਲਤਾਂ ਨਾਲ ਮਾਹੌਲ ਹੋਰ ਵਧੀਆ ਹੋਵੇਗਾ, ਜਿੱਥੇ ਵਧੇਰੇ ਸਰਗਰਮੀਆਂ ਹੋਇਆ ਕਰਨਗੀਆਂ।

**Enhanced reception, event spaces, and toilet facilities will create a more welcoming and functional environment.**

3

**Community Engagement:**

ਸਰਗਰਮੀਆਂ ਜਾਂ ਸਮਾਗਮ ਕਰਾਉਣ ਲਈ ਜੋ ਜਗ੍ਹਾ ਬਣਾਏ ਜਾਣ ਦੀ ਤਜਵੀਜ਼ ਹੈ, ਉਸ ਨਾਲ ਸੰਗਤ ਦੀ ਸ਼ਮੂਲੀਅਤ ਵਧੇਗੀ। ਇਸ ਨਾਲ ਅਨੇਕਾਂ ਕਿਸਮ ਦੀਆਂ ਧਾਰਮਿਕ, ਸਭਿਆਚਾਰਕ ਅਤੇ ਵਿੱਦਿਅਕ ਸਰਗਰਮੀਆਂ ਹੋ ਸਕਣਗੀਆਂ।

**A dedicated event space will facilitate greater community involvement and enable a variety of dharmic, cultural and educational events.**

4

**Heritage Preservation:**

ਰੰਗੀਨ ਸ਼ੀਸ਼ੇ ਦੀਆਂ ਖਿੜਕੀਆਂ ਅਤੇ ਮਾਰਬਲ ਪੱਥਰ ਦੇ ਫ਼ਰਸ਼ ਦੀ ਰਿਪੇਅਰ ਗੁਰਦੁਆਰਾ ਸਾਹਿਬ ਦੀ ਸਭਿਆਚਾਰਕ ਵਿਰਾਸਤ ਕਾਇਮ ਰੱਖੇਗੀ ਅਤੇ ਇਸ ਦਾ ਮਾਣ ਹੋਰ ਵਧੇਗਾ।

**Restoration of stained glass windows and marble floors will maintain and honour the cultural heritage of the Gurdwara.**

5

**Safety and Efficiency:**

ਲੰਗਰ ਦੀਆਂ ਸਹੂਲਤਾਂ ਨੂੰ ਬਿਹਤਰੀਨ ਬਣਾਉਣ ਅਤੇ ਨਵੀਂ ਲਿਫ਼ਟ ਲਾਉਣ ਨਾਲ ਸੰਗਤ ਦੀ ਸੇਫ਼ਟੀ (ਸੁਰੱਖਿਆ) ਵਧੇਗੀ ਅਤੇ ਅਤੇ ਇਸ ਨਾਲ ਲੰਗਰ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਵੀ ਮਦਦ ਮਿਲੇਗੀ।

**Upgrades to the Langar facilities and installation of a new lift will improve safety and operational efficiency.**

GURDWARA SRI GURU SINGH SABHA SOUTHALL

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਦੀ 20 ਸਾਲਾਂ ਬਾਅਦ ਹੋ ਰਹੀ ਮੁਰੰਮਤ ਅਤੇ ਨਵੀਨੀਕਰਨ ਦੇ ਕੰਮ 'ਤੇ, ਇੰਜੀਨੀਅਰਿੰਗ/ ਮੈਟੀਰੀਅਲ ਦੇ ਸਰਵੇਖਣ ਕਰਕੇ 1.6 ਮਿਲੀਅਨ ਪੌਂਡ ਤੋਂ 2 ਮਿਲੀਅਨ ਪੌਂਡ ਤੱਕ ਖਰਚਾ ਆਉਣ ਦੀ ਸੰਭਾਵਨਾ ਹੈ। ਜੇ ਹੋ ਸਕੇ ਤਾਂ ਮਾਇਆ ਦਾ ਯੋਗਦਾਨ ਪਾਉਣ ਦੀ ਕਿਰਪਾਲਤਾ ਕਰਨੀ ਜੀ।

**AFTER 20 YEARS OF USE, THE TOTAL COST OF ALL REFURBISHMENT WORKS ARE EXPECTED TO BE IN THE ORDER OF £1.6M SUBJECT TO FURTHER SURVEYS AND VALUE ENGINEERING**

**IF YOU CAN, PLEASE DONATE**

# LANDSCAPING

ਮੌਜੂਦਾ ਸਮੇਂ ਇਸ ਅਸਥਾਨ 'ਤੇ ਹਰਿਆਲੀ ਅਤੇ ਲੈਂਡ ਸਕੇਪਿੰਗ ਬਹੁਤ ਘੱਟ ਹੈ ਅਤੇ ਪੁਰਾਣੀ ਹੋ ਚੁੱਕੀ ਹੈ। ਇੱਥੇ ਲੱਗੇ ਬੂਟਿਆਂ ਦਾ ਆਪਸ ਵਿਚ ਮੌਸਮੀ ਸਬੰਧ ਨਹੀਂ ਜੁੜਦਾ। ਇੱਥੇ ਫਲਦਾਰ ਬੂਟੇ ਵੀ ਨਹੀਂ ਹਨ।

ਇਸ ਪ੍ਰਾਜੈਕਟ ਤਹਿਤ ਗੁਰਦੂਆਰਾ ਸਾਹਿਬ ਦੀ ਬਾਹਰਲੀ ਜਗ੍ਹਾ ਵਧਾ ਕੇ ਉਸ ਉੱਪਰ ਵੰਨ-ਸੁਵੰਨੇ ਬੂਟੇ ਢੁਕਵੀਂ ਵਿਉਂਤਬੰਦੀ ਨਾਲ ਲਾਏ ਜਾਣ ਦੀ ਤਜਵੀਜ਼ ਹੈ। ਇਸ ਨਾਲ ਇਸ ਅਸਥਾਨ ਦਾ ਮਾਹੌਲ ਦਿਲ-ਖਿਚਵਾਂ, ਸਕੂਨ ਦੇਣ ਵਾਲਾ ਅਤੇ ਮਨ ਨੂੰ ਟੁੰਬਣ ਵਾਲਾ ਬਣੇਗਾ।

Currently, the greenery and landscaping are minimal and outdated, lacking a cohesive seasonal style and complementary planting.

Enhancing the outdoor space with diverse, well-planned greenery will create a more appealing, serene, and inviting environment.

# W/C UPGRADES

ਭਾਈਆਂ ਅਤੇ ਬੀਬੀਆਂ ਲਈ ਪਖਾਨੇ 20 ਸਾਲਾਂ ਤੋਂ ਓਵੇਂ ਹੀ ਹਨ। ਇਹ ਪੁਰਾਣੇ ਹੋ ਚੁੱਕੇ ਹਨ ਅਤੇ ਬਹੁਤ ਜ਼ਿਆਦਾ ਵਰਤੇ ਜਾ ਚੁੱਕੇ ਹਨ। ਨਵੀਂ ਵਿਉਂਤਬੰਦੀ ਅਨੁਸਾਰ, ਇਨ੍ਹਾਂ ਦੀ ਸਾਫ-ਸਫਾਈ ਵਿਚ ਸੁਧਾਰ ਲਿਆਂਦਾ ਜਾਵੇਗਾ ਅਤੇ ਪਰਿਵਾਰਾਂ ਨੂੰ ਇਨ੍ਹਾਂ ਦੀ ਵਧੇਰੇ ਸਹੂਲਤ ਰਹੇਗੀ। ਇਸ ਵਾਸਤੇ, ਇਨ੍ਹਾਂ ਪਖਾਨਿਆਂ ਦਾ ਆਧੁਨਿਕੀਕਰਨ ਕੀਤਾ ਜਾਵੇਗਾ। ਖਸਤਾ ਹਾਲਤ ਹੋ ਚੁੱਕੇ ਪਖਾਨਿਆਂ ਦੀ ਰਿਪੇਅਰ ਕਰਕੇ ਇਨ੍ਹਾਂ ਦੇ ਅੰਦਰ ਬੱਚਿਆਂ ਦੇ ਡਾਇਪਰ ਬਦਲਣ ਦੀ ਜਗ੍ਹਾ ਵੀ ਬਣਾਈ ਜਾਵੇਗੀ। ਨਮੀ ਘਟਾਉਣ ਵਾਲੀ ਤਕਨੀਕ ਲਾਈ ਜਾਵੇਗੀ, ਜਿਸ ਨਾਲ ਇਨ੍ਹਾਂ ਪਖਾਨਿਆਂ ਦਾ ਮਿਆਰ ਅਤੇ ਉਮਰ ਵਧੇਗੀ। ਇਨ੍ਹਾਂ ਦੀ ਸਮਰੱਥਾ ਵੀ ਵਧੇਗੀ।

The male and female toilets, unchanged for 20 years, are outdated and overused. Planned upgrades include modernising both toilets and adding baby changing spaces in the disabled toilets for improved hygiene and family convenience. New moisture-resistant fixtures will offer better aesthetics, durability, and enhanced functionality.

**PROPOSED W/C UPGRADES**



# BABY CHANGING & FEEDING



ਮੌਜੂਦਾ ਸਮੇਂ ਇੱਥੇ ਬੱਚਿਆਂ ਦੇ ਡਾਇਪਰ ਬਦਲਣ ਜਾਂ ਦੁੱਧ ਪਿਲਾਉਣ ਦੀ ਕੋਈ ਖ਼ਾਸ ਜਗ੍ਹਾ ਨਹੀਂ ਹੈ।

ਸਾਰਿਆਂ ਦੀ ਸਹੂਲਤ ਲਈ, ਗੁਰਦੁਆਰਾ ਸਾਹਿਬ ਕੰਪਲੈਕਸ ਵਿਚ ਆਧੁਨਿਕ, ਬੱਚਿਆਂ ਦੇ ਡਾਇਪਰ ਬਦਲਣ ਅਤੇ ਦੁੱਧ ਪਿਲਾਉਣ ਦੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇਗਾ।

Currently, there are no dedicated baby changing or breastfeeding spaces.

To ensure accessibility for all, plans are underway to upgrade the gurdwara with modern, engaging baby changing and feeding facilities.

This will provide a comfortable and convenient space for parents and babies.

# EVENTS SPACE





ਭਾਸ਼ਣਾਂ, ਸੈਮੀਨਾਰਾਂ ਅਤੇ ਫ਼ਿਲਮਾਂ ਦੀ ਸਕਰੀਨਿੰਗ ਲਈ ਸੰਗਤ ਦਾ ਇਕੱਠ ਕਰਨ ਲਈ ਖ਼ਾਸ ਜਗ੍ਹਾ ਦੀ ਘਾਟ ਹੈ।

ਅਜਿਹਾ ਡਿਜਾਇਨ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨਾਲ ਸੰਗਤ ਦੇ ਇਕੱਠ ਲਈ ਢੁਕਵੀਂ ਜਗ੍ਹਾ ਹੋਵੇਗੀ। ਇਸ ਤਹਿਤ, ਇਕ ਮੰਚ ਤਿਆਰ ਕੀਤਾ ਜਾਵੇਗਾ। ਆਡੀਓ-ਵਿਜ਼ੂਅਲ ਯੰਤਰ ਲਾਏ ਜਾਣਗੇ। ਅਜਿਹੀ ਵਿਵਸਥਾ ਨਾਲ ਸਭਾ ਦੇ ਕੋਲ ਵਧੀਆ ਤਰੀਕੇ ਨਾਲ ਲੋਕਾਂ ਅਤੇ ਸੰਗਤ ਦੇ ਇਕੱਠ ਕਰਾਉਣ ਦੀ ਵਿਵਸਥਾ ਹੋ ਜਾਵੇਗੀ।

The Gurdwara currently lacks a dedicated event space for community gatherings, such as lectures, seminars, and film screenings.

Designs are being formalised to create a flexible event space with a podium and audiovisual equipment, enabling the Sabha to host people and hold community gatherings in an appropriate setting.

The library will remain.

# DARBAR HALL UPGRADES

ਇਸ ਵਿਉਂਤ ਵਿਚ ਨਾ-ਸਿਰਫ ਨਵੀਆਂ, ਵਧੇਰੇ ਰੌਸ਼ਨੀ ਵਾਲੀਆਂ ਅਤੇ ਖ਼ੂਬਸੂਰਤ ਵਾਤਾਵਰਨ ਸਿਰਜਣ ਵਾਲੀਆਂ ਲਾਈਟਾਂ ਲਾਈਆਂ ਜਾਣਗੀਆਂ, ਸਗੋਂ ਕਈ ਤਰ੍ਹਾਂ ਦੀ ਸਜਾਵਟ ਵੀ ਕੀਤੀ ਜਾਵੇਗੀ। ਨਾਲ ਹੀ ਗੁਰਦੁਆਰਾ ਸਾਹਿਬ ਦੇ ਅੰਦਰ ਨਵਾਂ ਸਾਊਂਡ ਸਿਸਟਮ ਲਾਇਆ ਜਾਵੇਗਾ। ਨਵੇਂ ਲਾਈਟਿੰਗ ਸਿਸਟਮ ਦੀ ਉਮਰ ਜ਼ਿਆਦਾ ਹੋਵੇਗੀ ਅਤੇ ਇਹ ਮਾਹੌਲ ਨੂੰ ਹੋਰ ਸ਼ਾਂਤਮਈ ਬਣਾਉਣ ਵਿਚ ਸਹਾਈ ਹੋਵੇਗਾ। ਸਜਾਵਟ ਅਤੇ ਸਾਊਂਡ ਦੀ ਵਿਵਸਥਾ ਵਿਚ ਕੀਤਾ ਜਾਣ ਵਾਲਾ ਵਾਧਾ ਗੁਰਦੁਆਰਾ ਸਾਹਿਬ ਦੀ ਸ਼ੋਭਾ ਨੂੰ ਵਧਾਏਗਾ। ਇਸ ਨਾਲ ਪਾਠ ਅਤੇ ਕੀਰਤਨ ਕਰਨ ਦਾ ਸੰਗਤੀ ਅਨੁਭਵ ਵਧੇਰੇ ਅਨੰਦਮਈ ਬਣੇਗਾ।

The plan includes installing new and brighter lighting for enhanced ambiance and aesthetic appeal, along with decorative elements and a new sound system within the Gurdwara. This new lighting system will extend the lifespan of illumination and contribute to a more serene atmosphere. The addition of these new decorative and sound features will enhance the significance of the Gurdwara and enrich the experience of path and kirtan.





## NEW BRIGHTER AND AMBIENT LIGHTING AND DECOR



← Donate to the refurbishment work at sgsss.org/donate

# LANGAR FACILITY OVERHAUL

## PROPOSED KITCHEN FLOOR PLAN

## ENERGY-EFFICIENT SAFER PRESSURE COOKERS

The existing facilities are inadequate for the current footfall. Plans include upgrading the kitchen flooring, installing a new extraction system, and adding energy-efficient appliances such as a roti machine, pressure cookers, and washing facilities. These upgrades will enhance the energy efficiency, speed, and consistency of Langar preparation and service.

ਸੰਗਤ ਦੀ ਆਮਦ ਨੂੰ ਧਿਆਨ ਵਿਚ ਰੱਖਦਿਆਂ ਮੌਜੂਦਾ ਸਮੇਂ ਸਹੂਲਤਾਂ ਕਾਫੀ ਨਹੀਂ ਹਨ। ਇਸ ਲਈ ਇਸ ਵਿਉਂਤਬੰਦੀ ਤਹਿਤ, ਲੰਗਰ ਦੀ ਰਸੋਈ ਦੇ ਫ਼ਰਸ਼ ਵਿਚ ਸੁਧਾਰ ਕੀਤਾ ਜਾਵੇਗਾ। ਧੂੰਆ ਬਾਹਰ ਕੱਢਣ ਵਾਲਾ ਨਵਾਂ ਸਿਸਟਮ ਲਾਇਆ ਜਾਵੇਗਾ। ਅਜਿਹੇ ਪ੍ਰਬੰਧ ਕੀਤੇ ਜਾਣਗੇ, ਜਿਸ ਨਾਲ ਊਰਜਾ ਦੀ ਘੱਟ ਖਪਤ ਹੋਵੇ। ਇਸ ਲਈ ਰੋਟੀਆਂ ਵਾਲੀ ਮਸ਼ੀਨ, ਪ੍ਰੈਸ਼ਰ ਕੂਕਰ ਅਤੇ ਧੁਆਈ ਦੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇਗਾ। ਅਜਿਹੇ ਪ੍ਰਬੰਧਾਂ ਨਾਲ ਨਾ-ਸਿਰਫ ਊਰਜਾ ਦੀ ਬਰਬਾਦੀ ਘਟੇਗੀ, ਸਗੋਂ ਲੰਗਰ ਬਣਾਉਣ ਅਤੇ ਵਰਤਾਉਣ ਵਿਚ ਤੇਜ਼ੀ ਅਤੇ ਇਕਸਾਰਤਾ ਆਵੇਗੀ।

Benefits:

- Reduced energy costs
- Improved health and safety
- Enhanced hygiene standards
- Healthier Langar

ਫਾਇਦੇ:

- ਬਿਜਲੀ ਦੇ ਖਰਚੇ ਘਟਣਗੇ
- ਸਿਹਤ ਅਤੇ ਸੁਰੱਖਿਆ ਵਧੇਗੀ
- ਸਫਾਈ ਦੇ ਮਿਆਰ ਸੁਧਰਨਗੇ
- ਸਿਹਤਮੰਦ ਲੰਗਰ

← Donate to the refurbishment work at sgsss.org/donate

# ROOF REPAIR

ਛੱਤ ਦੀ ਮੁਰੰਮਤ ਕੀਤੀ ਜਾ ਰਹੀ ਹੈ ਤਾਂ ਜੋ ਇਸ ਵਿਚ ਪਾਣੀ ਨਾ ਵੜ ਸਕੇ ਅਤੇ ਅੰਦਰਲੇ ਪਾਸੇ ਪਾਣੀ ਚੋਅ ਨਾ ਸਕੇ। ਦਰਬਾਰ ਹਾਲ ਅਤੇ ਹੋਰ ਅੰਦਰਲੀ ਜਗ੍ਹਾ ਨੂੰ ਸੁਰੱਖਿਅਤ ਕੀਤਾ ਜਾ ਸਕੇ। ਪਿਛਲੇ 20 ਸਾਲਾਂ ਦੌਰਾਨ ਛੱਤ ਬਹੁਤ ਸਾਰੀਆਂ ਥਾਵਾਂ ਤੋਂ ਲੀਕੇਜ ਕਰਦੀ ਸੀ ਅਤੇ ਛੱਤ ਉੱਪਰ ਉੱਗੀ ਹੋਈ ਘਾਹ-ਬੂਟੀ ਅਤੇ ਪੱਤਿਆਂ ਦੇ ਕਾਰਨ ਪਾਣੀ ਖੜ੍ਹਾ ਹੋਣ ਨਾਲ ਖ਼ਰਾਬ ਹੋ ਰਹੀ ਸੀ।

ਸਿਆਲ ਦੀ ਰੁੱਤ ਵਿਚ ਪੈਣ ਵਾਲੇ ਭਾਰੀ ਮੀਂਹ ਦਾ ਸਾਹਮਣਾ ਕਰਨ ਲਈ ਛੱਤ ਨੂੰ ਹੁਣ ਚੰਗੀ ਤਰ੍ਹਾਂ ਸਾਫ਼ ਕੀਤਾ ਜਾਵੇਗਾ ਅਤੇ ਇਸ ਦੀ ਮੁਰੰਮਤ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਇਸ ਨੂੰ ਕਬੂਤਰਾਂ ਕਾਰਨ ਹੁੰਦੀ ਖ਼ਰਾਬੀ ਤੋਂ ਬਚਾਉਣ ਲਈ ਇਕ ਜਾਲ ਲਾਇਆ ਜਾਵੇਗਾ।

The roof is being repaired to ensure it is watertight and leak-free, protecting the Darbar and other internal areas. For the past 20 years, the roof suffered from numerous leaks, overgrown foliage, and water accumulation.

It will now be thoroughly cleaned and repaired to withstand heavy rainfall in colder seasons. Additionally, secure pigeon netting will be installed for protection.



# DOME CLEANING AND REPAIRS

ਪਿਛਲੇ 20 ਸਾਲਾਂ ਦੌਰਾਨ ਰੱਖ-ਰਖਾਅ ਜਾਂ ਮੁਰੰਮਤ ਦੀ ਕਮੀ ਕਾਰਨ ਗੁਰਦੁਆਰਾ ਸਾਹਿਬ ਦੇ ਚਿੱਟੇ ਗੁੰਬਦ ਖ਼ਰਾਬ ਹੋ ਗਏ ਹਨ।

ਇਨ੍ਹਾਂ ਦੀ ਹੁਣ ਮੁਰੰਮਤ ਅਤੇ ਸਾਫ-ਸਫਾਈ ਕੀਤੀ ਜਾਣੀ ਹੈ, ਤਾਂ ਜੋ ਇਨ੍ਹਾਂ ਵਿਚ ਪਾਣੀ ਨਾ ਸਿੰਮ ਸਕੇ। ਇਨ੍ਹਾਂ ਦਾ ਹੋਰ ਨੁਕਸਾਨ ਹੋਣੋਂ ਬਚਾਇਆ ਜਾ ਸਕੇ ਅਤੇ ਇਹ ਸੋਹਣੀ ਦਿੱਖ ਪ੍ਰਦਾਨ ਕਰਨ।

The white domes have deteriorated due to a lack of maintenance over the past 20 years.

They are now being repaired and cleaned to ensure they are watertight, prevent further damage, and present a dignified appearance for the Sabha.

# GOLD DOME REPAIRS

ਸੁਨਹਿਰੀ ਗੁੰਬਦ ਉੱਪਰ ਲੱਗੀਆਂ ਸੀਲਾਂ ਦੀ ਮੁਰੰਮਤ ਕਰ ਦਿੱਤੀ ਗਈ ਹੈ ਅਤੇ ਸੋਨੇ ਦੇ ਲੱਗੇ ਵਰਕਾਂ ਦਾ ਨਵੀਨੀਕਰਨ ਜਾਰੀ ਹੈ।

ਗੁੰਬਦਾਂ ਦੀ ਸਾਫ-ਸਫਾਈ ਅਤੇ ਮੁਰੰਮਤ ਬੜੀ ਸਾਵਧਾਨੀ ਨਾਲ ਕੀਤੀ ਜਾ ਰਹੀ ਹੈ। ਇਸ ਤਹਿਤ, ਇਨ੍ਹਾਂ ਦੀ ਪਹਿਲੀ ਚਮਕ ਨੂੰ ਬਹਾਲ ਕਰਨ ਲਈ ਸੋਨੇ ਦੇ ਨਵੇਂ ਵਰਕ ਲਾਏ ਜਾ ਰਹੇ ਹਨ।

The gold dome seals have been repaired, and the gold leaf restoration is underway.

The domes are being meticulously cleaned and repaired, with new gold leaf applied to restore them to their former glory.



## GOLD WEAR AND TEAR

# GROUT CLEANING & REPAIRS

DAMAGED GROUT



ਬਾਹਰਲੀਆਂ ਦੀਵਾਰਾਂ ਨੂੰ ਸਾਫ਼ ਕਰ ਦਿੱਤਾ ਗਿਆ ਹੈ। ਜਿਥੋਂ-ਜਿਥੋਂ ਸੀਮਿੰਟ ਉਤਰਿਆ ਸੀ ਜਾਂ ਖ਼ਰਾਬ ਹੋਇਆ ਸੀ, ਉਥੇ-ਉਥੇ ਮੁਰੰਮਤ ਕਰ ਦਿੱਤੀ ਗਈ ਹੈ। ਇਸ ਮੁਰੰਮਤ ਨਾਲ ਪਾਣੀ ਇਮਾਰਤ ਦੇ ਅੰਦਰ ਨਹੀਂ ਵੜੇਗਾ ਅਤੇ ਇਸ ਦੀ ਉਮਰ ਵੀ ਵਧੇਗੀ।

The external walls have been cleaned, and the extensive missing or damaged grout has been repaired.

These repairs have prevented water from entering the building's structure, significantly extending its lifespan.

FINISHED WALL

# EXTERNAL MARBLE REPAIRS

ਬਾਹਰਵਾਰ ਲੱਗੇ ਮਾਰਬਲ ਪੱਥਰ ਦੀ ਸਤ੍ਹਾ ਵਿਚ ਜਿੱਥੇ-ਜਿੱਥੇ ਤਰੇੜਾਂ ਆਈਆਂ ਸਨ, ਜਾਂ ਜਿੱਥੇ-ਜਿੱਥੇ ਇਹ ਖ਼ਰਾਬ ਹੋਇਆ ਸੀ, ਉਥੇ-ਉਥੇ ਮੁਰੰਮਤ ਕਰ ਦਿੱਤੀ ਜਾਵੇਗੀ। ਇਸ ਨੂੰ ਪਾਲਿਸ਼ ਵੀ ਕੀਤੀ ਜਾਵੇਗੀ, ਤਾਂ ਜੋ ਇਸ ਦੀ ਖ਼ੂਬਸੂਰਤ ਦਿੱਖ ਬਰਕਰਾਰ ਰੱਖੀ ਜਾ ਸਕੇ ਅਤੇ ਇਸ ਨੂੰ ਅਗਾਂਹ ਤੋਂ ਖ਼ਰਾਬ ਹੋਣੋਂ ਬਚਾਇਆ ਜਾ ਸਕੇ।

ਇਸ ਤੋਂ ਇਲਾਵਾ, ਗੰਦਾ ਅਤੇ ਖ਼ਰਾਬ ਹੋਇਆ ਪੱਥਰ ਸਾਫ਼ ਕੀਤਾ ਜਾਵੇਗਾ। ਇਸ ਦੇ ਜੋੜਾਂ ਵਿਚ ਮਸਾਲਾ ਭਰਿਆ ਜਾਵੇਗਾ, ਤਾਂ ਜੋ ਇਸ ਦੀ ਦਿੱਖ, ਮਜ਼ਬੂਤੀ ਅਤੇ ਲੰਬੀ ਮਿਆਦ ਨੂੰ ਬਹਾਲ ਕੀਤਾ ਜਾ ਸਕੇ।

The external marble surfaces, which are cracked and worn, will be repaired and polished to maintain aesthetic appeal and prevent further damage.

Additionally, the dirty and deteriorating stonework is being cleaned and re-pointed to restore its appearance, integrity, and durability.

Donate to the refurbishment work at sgsss.org/donate →

# LIGHTING UPGRADES



ਗੁਰਦੁਆਰਾ ਸਾਹਿਬ ਵਿਚ ਲੱਗੀਆਂ ਸਾਰੀਆਂ ਲਾਈਟਾਂ ਵੇਲਾ ਵਿਹਾਅ ਚੁੱਕੀਆਂ ਹਨ ਅਤੇ ਬਿਜਲੀ ਦੀ ਵੀ ਜ਼ਿਆਦਾ ਖਪਤ ਕਰਦੀਆਂ ਹਨ। ਇਨ੍ਹਾਂ ਲਾਈਟਾਂ ਦਾ ਰੂਪ ਰੰਗ ਵੀ ਢੁਕਵਾਂ ਨਹੀਂ ਹੈ, ਜਿਸ ਕਾਰਨ ਇਹ ਗੁਰਦੁਆਰਾ ਸਾਹਿਬ ਨੂੰ ਵਧੀਆ ਤਰੀਕੇ ਨਾਲ ਰੁਸ਼ਨਾਉਣ ਤੋਂ ਅਸਮਰਥ ਹਨ।

ਨਵੀਆਂ ਲਾਈਆਂ ਜਾਣ ਵਾਲੀਆਂ ਲਾਈਟਾਂ ਇਨ੍ਹਾਂ ਖ਼ਾਮੀਆਂ ਨੂੰ ਦੂਰ ਕਰਨਗੀਆਂ। ਇਹ ਰੌਸ਼ਨੀ, ਚਮਕ ਅਤੇ ਚੌਗਿਰਦੇ ਵਿਚ ਸੁਧਾਰ ਲਿਆਉਣਗੀਆਂ ਅਤੇ ਲੰਮੇ ਸਮੇਂ ਤੱਕ ਇਸ ਉੱਪਰ ਕੋਈ ਖ਼ਰਚ ਨਹੀਂ ਹੋਵੇਗਾ।

The lighting throughout the Gurdwara is outdated and not energy-efficient, with inappropriate colour temperature and styles failing to create optimal lighting conditions.

The proposed new lighting will address these issues, improving luminosity, brightness, and ambience while reducing long-term lighting costs.

# WINDOW REPAIRS

ਚਿੱਤਰਾਂ ਵਾਲੀਆਂ ਰੰਗੀਨ ਸ਼ੀਸ਼ੇ ਦੀਆਂ ਖਿੜਕੀਆਂ ਟੁੱਟੀਆਂ ਹੋਈਆਂ ਹਨ।

ਗੁਰਦੁਆਰਾ ਸਾਹਿਬ ਦੀ ਵਿਰਾਸਤ ਨੂੰ ਕਾਇਮ ਰੱਖਣ, ਅੰਦਰਲੀ ਜਗ੍ਹਾ ਵਿਚ ਵਾਧਾ ਕਰਨ ਅਤੇ ਗਰਮਾਇਸ਼ ਦੀ ਨਿਕਾਸੀ ਨੂੰ ਘਟਾਉਣ ਲਈ ਚੰਗੀ ਤਰ੍ਹਾਂ ਮੁਰੰਮਤ ਕਰਨ, ਨਵੀਨੀਕਰਨ ਅਤੇ ਮਜਬੂਤੀਕਰਨ ਦੀ ਵਿਉਂਤ ਬਣਾਈ ਗਈ ਹੈ।

The iconic stained glass windows are damaged.

Careful repair, restoration, and reinforcement are planned to preserve the Gurdwara's heritage, enhance the interior ambiance, and minimise heat loss.



Donate to the refurbishment work at sgsss.org/donate →

# MARBLE FLOOR REPAIRS

ਕਾਫੀ ਸਾਲਾਂ ਦੀ ਵਰਤੋਂ ਤੋਂ ਬਾਅਦ, ਵਾਹਨਾਂ ਦੀ ਵਧੇਰੇ ਆਵਾਜਾਈ ਵਾਲੇ ਖੇਤਰ ਵਿਚ ਮਾਰਬਲ ਦੇ ਬਣੇ ਫ਼ਰਸ਼ਾਂ ਵਿਚ ਤਰੇੜਾਂ ਆ ਗਈਆਂ ਅਤੇ ਇਹ ਖ਼ਰਾਬ ਹੋ ਗਏ ਹਨ। ਇਨ੍ਹਾਂ ਦੀ ਮੁਰੰਮਤ ਇਸ ਢੰਗ ਨਾਲ ਕੀਤੀ ਜਾਵੇਗੀ ਕਿ ਇਹ ਲੰਬਾ ਸਮਾਂ ਖ਼ਰਾਬ ਨਾ ਹੋ ਸਕਣ ਅਤੇ ਇਨ੍ਹਾਂ ਦੀ ਸਾਫ-ਸਫਾਈ ਵੀ ਸੌਖੀ ਹੋ ਸਕੇ। ਇਪੋਕਸੀ ਦੀ ਵਰਤੋਂ ਕਰਦਿਆਂ ਇਸ ਦੀ ਪਹਿਲਾਂ ਮੁਰੰਮਤ ਕੀਤੀ ਜਾਵੇਗੀ। ਇਸ ਤੋਂ ਬਾਅਦ, ਇਸ ਦੀ ਰਗੜਾਈ ਕੀਤੀ ਜਾਵੇਗੀ ਅਤੇ ਉਸ ਉੱਪਰ ਪਾਲਿਸ਼ ਫੇਰੀ ਜਾਵੇਗੀ। ਇਹ ਮੁਰੰਮਤ ਇਸ ਢੰਗ ਨਾਲ ਕੀਤੀ ਜਾਵੇਗੀ ਕਿ ਲੰਬਾ ਸਮਾਂ ਇਸ ਦੀ ਮੁਰੰਮਤ ਦੀ ਜ਼ਰੂਰਤ ਨਹੀਂ ਪਵੇਗੀ।

After years of wear and tear, the marble floors in high-traffic areas are cracked and worn. They are being refurbished for durability and ease of cleaning. Repairs using epoxy will be followed by grinding, polishing, and protection to maximise the lifespan of these repairs.

# LIFT INSTALLATION

ਮੌਜੂਦਾ ਲਿਫ਼ਟ ਪੁਰਾਣੀ ਹੋ ਚੁੱਕੀ ਹੈ ਅਤੇ ਸਮੇਂ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰਥ ਹੈ। ਨਵੀਂ ਅਤੇ ਘੱਟ ਬਿਜਲੀ ਖਪਤ ਕਰਨ ਵਾਲੀ ਲਿਫ਼ਟ ਖ਼ਰੀਦਣ ਲਈ ਕਾਫੀ ਕੁਟੇਸ਼ਨਾਂ ਮੰਗਵਾ ਲਈਆਂ ਗਈਆਂ ਹਨ। ਨਵੀਂ ਲਿਫ਼ਟ ਸਰੀਰਕ ਤੌਰ 'ਤੇ ਡਿਸਏਬਲ ਸਪੈਸ਼ਲ ਪਰਸਨ ਅਤੇ ਬਜ਼ੁਰਗ ਸ਼ਰਧਾਲੂਆਂ ਲਈ ਵਧੇਰੇ ਸਹੂਲਤ ਵਾਲੀ ਹੋਵੇਗੀ। ਇਸ ਨਾਲ ਬਿਜਲੀ ਦੀ ਖਪਤ 60 ਫ਼ੀਸਦ ਤੱਕ ਘਟ ਜਾਵੇਗੀ। ਸਿੱਟੇ ਵਜੋਂ, ਬਿਜਲੀ ਦਾ ਖ਼ਰਚ ਵੀ ਘਟੇਗਾ।

The existing lift is outdated and inefficient. Multiple quotes have been obtained for installing a new, energy-efficient lift. This will enhance accessibility for disabled and elderly visitors and increase energy efficiency by 60%, thereby reducing energy costs.

INTERIOR OF NEW SANGAT LIFT

NEW GOODS LIFT FOR THE LANGAR

CURRENT SANGAT LIFT ENTRANCE IN THE STAIRWELL



NEW LIFT ENTRANCE FROM THE LOBBY

# HEATING & COOLING SYSTEM

ਮਕੈਨੀਕਲ ਸੇਵਾਵਾਂ ਦਾ ਸਿਸਟਮ 22 ਸਾਲ ਪਹਿਲਾਂ ਲਾਇਆ ਗਿਆ ਸੀ। ਇਸ ਦੀ ਮਿਆਦ ਅੰਦਾਜ਼ਨ 25-30 ਸਾਲ ਹੀ ਹੁੰਦੀ ਹੈ। ਇਸ ਤਰ੍ਹਾਂ ਇਸ ਦੀ ਉਮਰ ਪੂਰੀ ਹੋਣ ਵਾਲੀ ਹੈ।

ਪਾਣੀ ਗਰਮ ਕਰਨ ਵਾਲੇ ਯੰਤਰਾਂ ਨੂੰ ਥੋੜ੍ਹਾ ਸਮਾਂ ਪਹਿਲਾਂ ਹੀ ਬਦਲਿਆ ਗਿਆ ਸੀ। ਪਰ ਇਸ ਸਿਸਟਮ ਦਾ ਕੁਝ ਕੰਮ ਅਜੇ ਅਧੂਰਾ ਹੈ। ਕੁਝ ਚੀਜ਼ਾਂ ਟੁੱਟੀਆਂ ਹੋਈਆਂ ਹਨ। 22 ਸਾਲ ਪੁਰਾਣੇ ਇਲੈਕਟ੍ਰੀਕਲ ਸਰਵਿਸ ਯੰਤਰ ਭਾਵੇਂ ਚੰਗੀ ਹਾਲਤ ਵਿਚ ਹਨ, ਪਰ ਇਨ੍ਹਾਂ ਦੇ ਢੁਕਵੇਂ ਰੱਖ-ਰਖਾਅ ਦੀ ਲੋੜ ਹੈ ਅਤੇ ਪਿਛਲੇ ਸਮੇਂ ਵਿਚ ਹੋਏ ਕੰਮ ਵਿਚ ਰਹਿ ਗਈਆਂ ਖ਼ਾਮੀਆਂ ਨੂੰ ਵੀ ਸੁਧਾਰਨ ਦੀ ਲੋੜ ਹੈ।

ਮੌਜੂਦਾ ਸਮੇਂ ਲੱਗੀਆਂ ਫਲੋਰੋਸੈਂਟ ਲਾਈਟਾਂ ਬਿਜਲੀ ਬਹੁਤ ਜ਼ਿਆਦਾ ਖਾਂਦੀਆਂ ਹਨ। ਜੇ ਇਸ ਦੀ ਥਾਂ LED ਲਾਈਟਾਂ ਲਾਈਆਂ ਜਾਣ ਤਾਂ ਇਨ੍ਹਾਂ ਦਾ ਬਿਜਲੀ ਦਾ ਖ਼ਰਚ ਘਟ ਜਾਵੇਗਾ।

The mechanical services installation, now 22 years old, is nearing the end of its 25-30 year life expectancy.

While hot water generators were recently replaced, some work remains incomplete or damaged.

Expansion Vessels – Access restricted due to debris/waste material. Plantroom to be cleared.

New Hot Water Cylinder installed – redundant ones still in place. Pipe connections not secure and bent. Pipe insulation not continuous. Poor installation.

2nd New Hot Water heater and Hot Water Return Pumps. Pipework poorly installed and insulation not continuous/complete.

Hot Water Return Pumps

Hot Water Return Pump pipe connections.

Plantroom gas solenoid valve and ECV located at rea of plantroom.

Hot Water Flow Temperature gauge – Reading 55°C

Gas fired floor standing Boiler

The non-operational chiller leaves the main hall without cooling.

The 22-year-old electrical services installation is in reasonably good condition but requires proper maintenance and correction of past unskilled works.

Current fluorescent lighting is not energy-efficient; switching to LED lighting could significantly reduce daily running costs.



Donate to the refurbishment work at sgsss.org/donate →

# CHILDREN'S EDUCATION SPACE

ਬੱਚਿਆਂ ਲਈ ਜੋ ਖ਼ਾਸ ਜਗ੍ਹਾ ਬਣਾਈ ਜਾ ਰਹੀ ਹੈ, ਉਸ ਵਿਚ ਇਕ ਵੱਡਾ ਇੰਟਰੈਕਟਿਵ ਰੁੱਖ ਲਾਇਆ ਜਾਵੇਗਾ, ਬੈਠਣ ਦਾ ਪ੍ਰਬੰਧ ਕੀਤਾ ਜਾਵੇਗਾ, ਕਲਾਕ੍ਰਿਤਾਂ ਵਾਲਾ ਵੱਖਰਾ ਜੋਨ ਬਣਾਇਆ ਜਾਵੇਗਾ। ਸਿਖਲਾਈ ਵਾਸਤੇ ਜਗ੍ਹਾ ਦਾ ਵੀ ਖ਼ਾਸ ਪ੍ਰਬੰਧ ਕੀਤਾ ਜਾਵੇਗਾ। ਅਜਿਹਾ ਨਵਾਂ ਵਾਤਾਵਰਨ ਸਿਰਜਿਆ ਜਾਵੇਗਾ, ਜਿਸ ਵਿਚ ਬੱਚੇ ਇਕੋ ਜਗ੍ਹਾ ਆਪਣੀ ਬੁੱਧੀ ਦਾ ਵਿਕਾਸ ਕਰ ਸਕਣਗੇ, ਨਵੀਆਂ ਤੇ ਸਿਰਜਣਾਤਮਿਕ ਗਤੀਵਿਧੀਆਂ ਕਰ ਸਕਣਗੇ, ਖੇਡ ਸਕਣਗੇ ਅਤੇ ਵਿਦਿਆ ਲੈ ਸਕਣਗੇ।

ਬੱਚਿਆਂ ਵਾਸਤੇ ਅਜਿਹਾ ਸੈਕਸ਼ਨ ਤਿਆਰ ਕਰਨ ਦੇ ਉਦੇਸ਼ ਹੇਠ ਲਿਖੇ ਹਨ-

- -ਬੱਚੇ ਗੁਰਦੁਆਰਾ ਸਾਹਿਬ ਆਉਣ ਲਈ ਉਤਸ਼ਾਹਿਤ ਹੋਣ।
- -ਵੱਡੇ ਅਤੇ ਨਿੱਕੇ ਬੱਚਿਆਂ ਦੀ ਵਿੱਦਿਆ ਅਤੇ ਸਿਖਲਾਈ ਦਾ ਪ੍ਰਬੰਧ ਕਰਨਾ।
- -ਮੌਜੂਦਾ ਸਮੇਂ ਬੱਚਿਆਂ ਦੀਆਂ ਚੱਲ ਰਹੀਆਂ ਕਲਾਸਾਂ ਲਈ ਜਗ੍ਹਾ ਵਧਾਉਣਾ।
- - ਗੁਰਦੁਆਰਾ ਸਾਹਿਬ ਆਉਣ ਵਾਲੇ ਸਕੂਲ ਗਰੁੱਪਾਂ ਦੀ ਸਿਖਲਾਈ ਲਈ ਦਿਲਚਸਪ ਜਗ੍ਹਾ ਦਾ ਪ੍ਰਬੰਧ ਕਰਨਾ, ਜਿੱਥੇ ਉਨ੍ਹਾਂ ਨੂੰ ਆਪਣਾ ਸਾਮਾਨ ਰੱਖਣ ਦੀ ਵੀ ਸਹੂਲਤ ਹੋਵੇ।

The new children's space will feature a large interactive tree (inspired by Beri Baba Budha) designated seating areas, arts and crafts zones, and learning areas. This innovative environment aims to provide a nurturing and engaging space where children can explore and learn about Sikhi.

The key objectives of the space are:

- to encourage children to visit the gurdwara.
- to provide a learning space dedicated to children and toddlers.
- to provide a space for existing children's classes to run, i.e. Little Cubs.
- to provide an engaging learning space (and storage facilities) for school groups who attend the gurdwara.

**PROPOSED EDUCATION AREA LAYOUT**

← Donate to the refurbishment work at sgsss.org/donate

# ਸਾਡੇ ਨਾਲ ਜੁੜੋ

# GET INVOLVED

FOR ALL THE LATEST ANNOUNCEMENTS JOIN THE SGSSS WHATSAPP GROUP

SCAN ME

### ਕਿਵੇਂ?

ਹੱਰ ਮਹੀਨੇ ਦੇ ਪ੍ਰੋਗਰਾਮ:

- ਹੈਕਾਥੋਨ
- ਪਰਿਵਾਰ ਸੇਵਾ ਦਿਵਸ
- ਸੰਗਤ ਫੋਰਮ

### How?

Join our monthly:

- Hackathon
- Family Seva Day
- Sangat Forum

### ਦਾਨ ਕਰੋ:

- ਔਨਲਾਈਨ
- ਸੰਪਰਕ ਰਹਿਤ ਰਾਹੀਂ
- ਰਸੀਦ ਕੱਟੋ
- ਦਫਤਰ ਵਿਚ

### Donate:

- Online at sgsss.org/donate
- Via Contactless
- Cut a Receipt
- In the Office

# WE THANK YOU

## FOR YOUR CONTINUED SUPPORT IN

# OUR PROJECTS